Ph. 01765-251499 M. 94635-47376

Website : www.online.jlngovtcollegemg.com

E-mail:govtcollegejln@gmail.com

# ਜਵਾਹਰ ਲਾਲ ਨਹਿਰੂ ਸਰਕਾਰੀ ਕਾਲਜ
## ਤੂਰਾਂ, ਮੰਡੀ ਗੋਬਿੰਦਗੜ੍ਹ (ਫਤਿਹਗੜ੍ਹ ਸਾਹਿਬ)




# Prospects 2021-22

# ਮਾਤਾ ਪਿਤਾ ਦੇ ਧਿਆਨ ਹਿੱਤ

1. ਕਾਲਜ ਵੱਲੋਂ ਆਪ ਜੀ ਦੇ ਬੱਚੇ ਦੀ ਭਲਾਈ ਸਬੰਧੀ ਆਪ ਜੀ ਨਾਲ ਪੂਰੇ ਤਾਲ-ਮੇਲ ਦਾ ਪੂਰਾ ਭਰੋਸਾ ਦੁਆਇਆ ਜਾਂਦਾ ਹੈ । ਆਪ ਜੀ ਨੂੰ ਬੇਨਤੀ ਹੈ ਕਿ ਇਸ ਸਬੰਧੀ ਕਲਾਸ ਟੀਚਰਜ਼ ਨੂੰ ਮਿਲ ਕੇ ਨਿੱਜੀ ਤੌਰ ਤੇ ਸਮੇਂ ਸਮੇਂ ਸਿਰ ਜਾਣਕਾਰੀ ਹਾਸਿਲ ਕੀਤੀ ਜਾਵੇ । ਇੰਜ ਕਰਨਾ ਅਤਿ ਜਰੂਰੀ ਹੈ ।
2. ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਲਈ ਘਰੇਲੂ ਪ੍ਰੀਖਿਆ ਵਿੱਚ ਯੋਗਤਾ ਸੰਬੰਧੀ ਸ਼ਰਤਾਂ ਅਤੇ ਘੱਟੋ-ਘੱਟ ਮਿੱਥੀਆਂ ਹਾਜਰੀਆਂ ਯੂਨੀਵਰਸਿਟੀ/ਸਰਕਾਰ ਦੇ ਨਿਯਮਾਂ ਅਨੁਸਾਰ ਪੂਰੀਆਂ ਹੋਣੀਆਂ ਅਤੀ ਜਰੂਰੀ ਹਨ । ਇੰਜ ਨਾ ਕਰਨ ਤੇ ਵਿਦਿਆਰਥੀ ਦਾ ਦਾਖਲਾ ਰੋਕਿਆ ਜਾਂਦਾ ਹੈ । ਇਸ ਪੱਖ ਵੱਲ ਨਿਜੀ ਧਿਆਨ ਦੇਣਾ ਅਤਿ ਜਰੂਰੀ ਹੈ ।
3. ਅਨੁਸਾਸ਼ਨ ਵਿੱਚ ਰਹਿ ਕੇ ਰੈਗੂਲਰ ਪੜ੍ਹਾਈ ਰਾਹੀਂ ਹੀ ਪੜ੍ਹਾਈ ਵਿੱਚ ਸਫਲਤਾ ਮਿਲ ਸਕਦੀ ਹੈ, ਰੈਗੂਲਰ ਪੜ੍ਹਾਈ ਨਾ ਕਰਨ ਵਾਲਾ ਤੇ ਕਾਲਜ ਦਾ ਅਨੁਸ਼ਾਸਨ ਭੰਗ ਕਰਨ ਵਾਲਾ ਵਿਦਿਆਰਥੀ ਬਣਦੀ ਸਜਾ ਦਾ ਭਾਗੀ ਹੋਵੇਗਾ । ਸਜਾ ਸੰਬੰਧੀ ਇੰਦਰਾਜ ਕਾਲਜ ਦੇ ਕੰਡਕਟ ਰਜਿਸਟਰ ਵਿੱਚ ਅਤੇ ਵਿਦਿਆਰਥੀ ਦੇ ਆਚਰਣ ਸਰਟੀਫਿਕੇਟ ਵਿੱਚ ਕੀਤਾ ਜਾਵੇਗਾ ।
4. ਆਪ ਜੀ ਵੱਲੋਂ ਦਿੱਤੇ ਗਏ ਪਤੇ ਤੇ ਹਰ ਸੂਚਨਾ ਭੇਜੀ ਜਾਵੇਗੀ । ਪਤੇ ਵਿੱਚ ਕਿਸੇ ਵੀ ਤਬਦੀਲੀ ਦੀ ਸੂਚਨਾ ਤੁਰੰਤ ਕਾਲਜ ਦੇ ਦਫਤਰ ਨੂੰ ਦਿੱਤੀ ਜਾਵੇ ਜੀ ।
5. ਕਾਲਜ ਦੇ ਮਾਪੇ-ਅਧਿਆਪਕ ਸੰਗਠਨ ਨੇ ਹੁਣ ਤੱਕ ਕਾਲਜ ਦੀਆਂ ਵਿਸ਼ੇਸ਼ ਅਤੇ ਜਰੂਰੀ ਜਰੂਰਤਾਂ ਨੂੰ ਪੂਰਾ ਕਰਨ ਦਾ ਅਤੇ ਵਿਕਾਸ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਣ ਦਾ ਪੂਰਾ ਹੰਭਲਾ ਮਾਰਿਆ ਹੈ ਅਸੀਂ ਆਸ ਕਰਦੇ ਹਾਂ ਕਿ ਆਪ ਜੀ ਵੱਲੋਂ ਕਾਲਜ ਵਿਕਾਸ ਵਿੱਚ ਬਣਦਾ ਯੋਗਦਾਨ ਪਾਇਆ ਜਾਂਦਾ ਰਹੇਗਾ ਅਤੇ ਮਾਤਾ ਪਿਤਾ ਕਾਲਜ ਵਿੱਚ ਪੀ.ਟੀ.ਏ. ਸੰਬੰਧੀ ਸਮੇਂ-2 ਤੇ ਹੋਣ ਵਾਲੀ ਮੀਟਿੰਗ ਵਿਚ ਪਹੁੰਚਣਗੇ ।
6. ਆਪ ਜੀ ਵੱਲੋਂ ਕਾਲਜ ਦੀ ਬਿਹਤਰੀ ਸੰਬੰਧੀ ਕਿਸੇ ਵੀ ਸੁਝਾਅ ਦਾ ਸਵਾਗਤ ਕੀਤਾ ਜਾਵੇਗਾ। ਇਸ ਸੰਬੰਧੀ ਆਪ ਜੀ ਕਿਸੇ ਵੀ ਕੰਮ-ਕਾਜ ਵਾਲੇ ਦਿਨ ਪ੍ਰਿੰਸੀਪਲ ਨੂੰ ਮਿਲ ਸਕਦੇ ਹੋ ।

# ਵਿਦਿਆਰਥੀਆਂ ਲਈ ਅਤੀ ਜਰੂਰੀ ਹਦਾਇਤਾਂ

1. ਵਿਦਿਆਰਥੀਆਂ ਨੂੰ ਇਸ ਪ੍ਰਾਸਪੈਕਟਸ ਵਿੱਚ ਦਿੱਤੇ ਗਏ ਨਿਯਮਾਂ ਅਤੇ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲੈਣਾ ਚਾਹੀਦਾ ਹੈ । ਨਿਯਮਾਂ ਦੀ ਅਗਿਆਨਤਾ ਬਹਾਨੇ ਦੇ ਰੂਪ ਵਿੱਚ ਸਵੀਕਾਰ ਨਹੀਂ ਕੀਤੀ ਜਾਵੇਗੀ ।
2. ਵਿਦਿਆਰਥੀ ਕਾਲਜ ਵਿੱਚ ਹਮੇਸ਼ਾਂ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਗੇ ਅਤੇ ਮੰਗ ਕਰਨ ਤੇ ਦਿਖਾਉਣਗੇ ।
3. ਇਹ ਵਿਦਿਆਰਥੀਆਂ ਦੇ ਹਿਤ ਵਿੱਚ ਹੈ ਕਿ ਉਹ ਹਰ ਰੋਜ਼ ਨੋਟਿਸ ਬੋਰਡ ਪੜ੍ਹਨ ਕਿਉਂਕਿ ਵਿਦਿਆਰਥੀ ਲਈ ਹਰੇਕ ਸੂਚਨਾ ਕੇਵਲ ਨੋਟਿਸ ਬੋਰਡ ਰਾਹੀਂ ਹੀ ਦਿੱਤੀ ਜਾ ਸਕਦੀ ਹੈ । ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿੱਚ ਸੂਚਨਾ ਤੋਂ ਵਾਂਝੇ ਰਹਿਣ ਦੀ ਜਿੰਮੇਵਾਰੀ ਕੇਵਲ ਵਿਦਿਆਰਥੀ ਦੀ ਹੋਵੇਗੀ । ਇਸ ਲਈ ਕਾਲਜ ਜਵਾਬਦੇਹ ਨਹੀਂ ਹੋਵੇਗਾ ।
4. ਕਾਲਜ ਵਿੱਚ ਗੈਰ ਸੱਭਿਅਕ ਪਹਿਰਾਵਾ ਪਾਉਣਾ ਅਤੇ ਮੰਦੀ ਬੋਲੀ ਬੋਲਣ ਦੀ ਸਖਤ ਮਨਾਹੀ ਹੈ ।
5. ਕੋਈ ਵੀ ਵਿਦਿਆਰਥੀ ਕਾਲਜ ਨੋਟਿਸ ਬੋਰਡ ਉਪਰ ਆਪਣੇ ਪੱਧਰ ਤੇ ਕੋਈ ਸੂਚਨਾ ਲਿਖ ਕੇ ਨਹੀਂ ਲਗਾ ਸਕਦਾ । ਕੋਈ ਵੀ ਜਰੂਰੀ ਸੂਚਨਾ ਪ੍ਰਿੰਸੀਪਲ ਸਾਹਿਬ/ਪ੍ਰੋਫੈਸਰ ਇੰਚਾਰਜ ਦੀ ਲਿਖਤੀ ਆਗਿਆ ਨਾਲ ਹੀ ਨੋਟਿਸ ਬੋਰਡ ਤੇ ਲਗਾਈ ਜਾ ਸਕਦੀ ਹੈ।
6. ਅਨੁਸ਼ਾਸਨ ਕਾਇਮ ਰੱਖਣਾ ਹਰ ਵਿਦਿਆਰਥੀ ਦੀ ਜਿੰਮੇਵਾਰੀ ਹੈ । ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।
7. ਕਾਲਜ ਅਕੈਡਮਿਕ ਬਲਾਕ ਵਿਚ ਮੋਬਾਇਲ ਫੋਨ ਲਿਆਉਣ ਦੀ ਮਨਾਹੀ ਹੈ । ਕਿਸੇ ਜਰੂਰੀ ਕਾਰਜ ਸੰਬੰਧੀ ਵਿਦਿਆਰਥੀ ਕਾਲਜ ਦੇ ਫੋਨ ਤੋਂ ਆਪਣੇ ਘਰ ਪ੍ਰਿੰਸੀਪਲ ਦੀ ਆਗਿਆ ਨਾਲ ਫੋਨ ਕਰ ਸਕਦੇ ਹਨ ।
8. ਗ਼ੈਰ ਵਿਦਿਆਰਥੀਆਂ ਦਾ ਕਾਲਜ ਵਿੱਚ ਪ੍ਰਵੇਸ਼ ਵਰਜਿਤ ਹੈ। ਵਿਦਿਆਰਥੀ ਆਪਣੇ ਕਿਸੇ ਵੀ ਰਿਸ਼ਤੇਦਾਰ ਜਾਂ ਦੋਸਤ/ਮਿੱਤਰ ਨੂੰ ਘੁੰਮਣ ਫਿਰਨ ਲਈ ਕਾਲਜ ਵਿੱਚ ਨਾ ਲੈ ਕੇ ਆਉਣ। ਬਾਹਰੀ ਅਨਸਰਾਂ ਤੇ ਕਾਨੂੰਨੀ ਕਾਰਵਾਈ ਅਤੇ ਸੰਬੰਧਿਤ ਵਿਦਿਆਰਥੀ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
9. ਕਾਲਜ ਦੀ ਇਮਾਰਤ/ਫਰਨੀਚਰ/ਬਿਜਲੀ ਫੀਟਿੰਗ ਤੇ ਪੱਖਿਆਂ ਨੂੰ ਕਿਸੇ ਢੰਗ ਨਾਲ ਖਰਾਬ ਨਾ ਕਰਨ। ਕਿਸੇ ਤਰ੍ਹਾਂ ਦੀ ਟੁੱਟ ਭੱਜ ਦੀ ਭਰਪਾਈ ਦੋਸ਼ੀ ਵਿਦਿਆਰਥੀ ਤੋਂ ਕੀਤੀ ਜਾਵੇਗੀ।
10. ਕਾਲਜ ਵਿੱਚ ਸਿਗਰੇਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ ਦੀ ਮਨਾਹੀ ਹੈ।
11. ਵਿਦਿਆਰਥੀਆਂ ਕੋਲ ਡਰਾਈਵਿੰਗ ਲਾਇਸੈਂਸ ਹੋਣਾ ਲਾਜ਼ਮੀ ਹੈ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।

# ਦਾਖਲੇ ਦੇ ਨਿਯਮ

1. ਵੱਖ-ਵੱਖ ਸ਼੍ਰੇਣੀਆਂ ਵਿੱਚ ਦਾਖਲਾ ਕੇਵਲ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ । ਇਹ ਮੈਰਿਟ ਹੇਠਲੀ ਸ਼੍ਰੇਣੀ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਤੇ ਨਿਰਧਾਰਤ ਕੀਤੀ ਜਾਵੇਗੀ ।
2. ਕਿਸੇ ਬੋਰਡ ਜਾਂ ਯੂਨੀਵਰਸਿਟੀ ਦੁਆਰਾ ਅਯੋਗ ਠਹਿਰਾਏ ਗਏ ਵਿਅਕਤੀ ਨੂੰ ਦਾਖਲਾ ਨਹੀਂ ਮਿਲ ਸਕੇਗਾ।
3. ਜੇਕਰ ਕਿਸੇ ਪ੍ਰੀਖਿਆ ਦਾ ਨਤੀਜਾ ਯੂਨੀਵਰਸਿਟੀ ਵਲੋਂ ਨਿਰਧਾਰਿਤ ਮਿਤੀ ਤੱਕ ਨਾਂ ਕੱਢਿਆ ਜਾਵੇ ਤਾਂ ਅਗਲੀ ਸ਼੍ਰੇਣੀ ਦੇ ਵਿੱਚ ਦਾਖਲਾ ਨਤੀਜਾ ਨਿਕਲਣ ਦੇ 15 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਲਿਆ ਜਾ ਸਕਦਾ ਹੈ ।
4. ਜਿਹੜੇ ਬੋਰਡ, ਯੂਨੀਵਰਸਿਟੀਆਂ ਤੋਂ ਪ੍ਰੀਖਿਆ ਪਾਸ ਕਰਕੇ ਆਏ ਵਿਦਿਆਰਥੀ ਦਾਖਲਾ ਨਹੀਂ ਲੈ ਸਕਦੇ ਉਨ੍ਹਾਂ ਦੀ ਸੂਚੀ (**ਪੇਜ਼ ਨੰ.** 25) ਪਿੱਛੇ ਨੱਥੀ ਹੈ ।
5. ਜਿਨ੍ਹਾਂ ਵਿਦਿਆਰਥੀਆਂ ਨੇ **10+2** ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਅਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਸੀ. ਬੋਰਡ ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ **10+2** ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖਲੇ ਕਰਨ ਤੋਂ ਪਹਿਲਾਂ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ/**Eligibility** ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ । ਪਾਤਰਤਾ ਸਰਟੀਫਿਕਟ ਲਏ ਬਿਨਾਂ ਕੀਤੇ ਗਏ ਦਾਖ਼ਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵਲੋਂ ਕਿਸੇ ਵੀ ਸੂਰਤ ਵਿੱਚ ਨਹੀਂ ਦਿੱਤੀ ਜਾਵੇਗੀ ।
6. ਵਿਦਿਆਰਥੀ ਦੀਆਂ ਦੋ ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਦਿੱਤੀਆਂ ਜਾਣ । ਇਨ੍ਹਾਂ ਵਿੱਚੋਂ ਇਕ ਦਾਖਲਾ ਫਾਰਮ ਤੇ ਦੱਸੇ ਗਏ ਸਥਾਨ ਤੇ ਚਿਪਕਾਈ ਜਾਵੇ ਅਤੇ ਦੂਜੀ ਦਫਤਰ ਵੱਲੋਂ ਸ਼ਨਾਖਤੀ ਕਾਰਡ ਤੇ ਚਿਪਕਾਈ ਜਾਵੇ ।
7. ਦਾਖਲਾਚਾਹੁਣ ਵਾਲੇ ਵਿਦਿਆਰਥੀ ਨੂੰ ਇੰਟਰਵਿਊ ਲਈ ਆਪ ਹਾਜਰ ਹੋਣਾ ਪਵੇਗਾ । ਇੰਟਰਵਿਊ ਸਮੇਂ ਉਹ ਆਪਣੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣ ।
8. ਕਾਲਜ ਵਿੱਚ ਪਹਿਲੀ ਵਾਰ ਦਾਖਲਾ ਲੈਣ ਵਾਲੇ ਵਿਦਿਆਰਥੀ ਨਾਲ ਮਾਪੇ/ਸਰਪ੍ਰਸਤ ਹੋਣੇ ਚਾਹੀਦੇ ਹਨ ।
9. ਦਾਖਲੇ ਵਿੱਚ ਚੁਣ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਉਸੇ ਸਮੇਂ ਪਹਿਲੀ ਕਿਸ਼ਤ ਦੀ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਹੋਣ ਤੇ ਉਸ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ।
10. ਦਾਖਲੇ ਸੰਬੰਧੀ ਕੋਈ ਸੂਚਨਾ ਕੇਵਲ ਨੋਟਿਸ ਬੋਰਡ ਉਪਰ ਲਗਾਈ ਜਾਵੇਗੀ ।
11. ਯੂਨੀਵਰਸਿਟੀ ਬੋਰਡ ਵੱਲੋਂ ਵਿਦਿਆਰਥੀ ਦੇ ਪੁਨਰ ਮੁਲਾਂਕਣ ਦਾ ਨਤੀਜਾ ਘੋਸ਼ਿਤ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਦਾਖਲਾ ਲਿਆ ਜਾ ਸਕਦਾ ਹੈ ।

**ਨੋਟ:- ਡੀ.ਪੀ.ਆਈ.(ਕਾ)ਪੰਜਾਬ ,ਚੰਡੀਗੜ੍ਹ ਦੇ ਪੱਤਰ ਨੰ.15/26-2004 ਐਜੂ (1) ਮਿਤੀ 25-06-2013 ਦੀ ਰੋਸ਼ਨੀ ਵਿਚ ਜੇਕਰ ਬੀ.ਏ.ਭਾਗ-I ਵਿੱਚ ਕਿਸੇ ਵਿਸ਼ੇ ਦੇ ਵਿਦਿਆਰਥੀਆਂ ਦੀ ਗਿਣਤੀ 15 ਤੋਂ ਘੱਟ ਜਾਵੇ ਤਾਂ ਉਹਨਾਂ ਵਿਦਿਆਰਥੀਆਂ ਨੂੰ ਆਪਣਾ ਵਿਸ਼ਾ ਬਦਲਣਾ ਹੋਵੇਗਾ। ਇਹ ਗਿਣਤੀ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਬਦਲ ਵੀ ਸਕਦੀ ਹੈ।**

**ਗ੍ਰਹਿ ਵਿਗਿਆਨ :-** ਗ੍ਰਹਿ ਵਿਗਿਆਨ ਦਾ ਵਿਸ਼ਾ ਮੈਰਿਟ ਦੇ ਅਧਾਰ ਤੇ ਦਿੱਤਾ ਜਾਵੇਗਾ ਕਿਉਂਕਿ ਯੂਨੀਵਰਸਿਟੀ ਨੇ ਪੱਤਰ ਨੰ: 1979 ਮਿਤੀ 2-4-97 ਰਾਹੀਂ ਕੇਵਲ ਇਕ ਹੀ ਯੂਨਿਟ ਦੀ ਪ੍ਰਵਾਨਗੀ ਸੀਮਾ ਨਿਸ਼ਚਿਤ ਕਰ ਦਿੱਤੀ ਹੈ ।

**ਸਰੀਰਕ ਸਿੱਖਿਆ :-** ਸਰੀਰਕ ਸਿੱਖਿਆ ਵਿਸ਼ਾ ਲੈਣ ਵਾਲੇ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਯੂਨਿਵਰਸਿਟੀ ਵਲੋਂ ਨਿਰਧਾਰਿਤ ਟੈਸਟ (**Physical Efficiency Test**) ਦੇਣਾ ਪਵੇਗਾ । ਸਟੇਟ, ਰਾਸ਼ਟਰੀ ਪੱਧਰ ਦੇ ਵੱਖਰੇ ਨੰਬਰ ਦਿੱਤੇ ਜਾਣਗੇ (ਦਾਖਲੇ ਸੰਬੰਧੀ) । ਯੂਨੀਵਰਸਿਟੀ ਵਲੋਂ ਕਰਵਾਏ ਜਾਂਦੇ ਖੇਡ ਮੁਕਾਬਲਿਆਂ ਵਿੱਚ ਕੋਈ ਵੀ ਵਿਦਿਆਰਥੀ ਭਾਗ ਲੈ ਸਕਦਾ ਹੈ, ਜਰੂਰੀ ਨਹੀਂ ਕਿ ਉਸ ਕੋਲ ਸਰੀਰਕ ਸਿੱਖਿਆ ਵਿਸ਼ਾ ਹੋਵੇ ।

**ਨੋਟ :-** ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ ਖਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ ਦਾਖਲੇ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਨੂੰ ਪ੍ਰਵਾਨਗੀ ਹਿੱਤ ਭੇਜੇ ਜਾਣਗੇ।

(1) ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ।

(2) ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਐਫੀਡੈਵਿਟ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

**ਵਿਸ਼ਾ ਪਰਿਵਰਤਨ :-** ਵਿਦਿਆਰਥੀ ਨੂੰ ਯੂਨੀਵਰਸਿਟੀ ਵੱਲੋਂ ਨਿਯਤ ਤਾਰੀਖ ਤੱਕ (ਦਾਖਲੇ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ) (ਸਿਰਫ ਬੀ.ਏ. ਭਾਗ ਪਹਿਲਾ **ਸਮੈਸਟਰ ਪਹਿਲਾ** ਵਿੱਚ ਹੀ) ਮੈਰਿਟ ਦੇ ਆਧਾਰ ਤੇ ਵਿਸ਼ਾ ਬਦਲਣ ਦੀ ਆਗਿਆ ਹੋਵੇਗੀ । ਵਿਦਿਆਰਥੀ ਦੇ ਲੈਕਚਰ ਕਲਾਸਾਂ ਸ਼ੁਰੂ ਹੋਣ ਤੇ ਗਿਣੇ ਜਾਣਗੇ ਜਿਸ ਤਰ੍ਹਾਂ ਯੂਨੀਵਰਸਿਟੀ ਕੈਲੰਡਰ ਵਿੱਚ ਅੰਕਤ ਹੈ। ਵਿਦਿਆਰਥੀ ਪ੍ਰਾਸਪੈਕਟਸ ਵਿੱਚ ਦਿੱਤੇ ਗਰੁੱਪ ਅਨੁਸਾਰ ਹੀ ਵਿਸ਼ਾ ਬਦਲ ਸਕਦਾ ਹੈ ।

**ਕਾਲਜ ਦਾ ਛੱਡਣਾ :-** ਜਿਹੜਾ ਵਿਦਿਆਰਥੀ ਕਾਲਜ ਵਿੱਚੋਂ ਆਪਣਾ ਨਾਮ ਕਟਵਾਣਾ ਚਾਹੁੰਦਾ ਹੋਵੇ ਉਹ ਆਪਣਾ

ਬਿਨੈ ਪੱਤਰ ਮਾਪਿਆਂ/ਸਰਪ੍ਰਸਤ ਦੇ ਦਸਖਤਾਂ ਸਹਿਤ ਪ੍ਰਿੰਸੀਪਲ ਨੂੰ ਲੋੜੀਂਦੀ ਕਾਰਵਾਈ ਹਿੱਤ ਨਿੱਜੀ ਤੌਰ ਤੇ ਦੇਣ । ਜਦੋਂ ਤੱਕ ਵਿਦਿਆਰਥੀ ਦਾ ਨਾਮ ਨਹੀਂ ਕੱਟਿਆ ਜਾਂਦਾ ਉਦੋਂ ਤੱਕ ਉਹ ਨਿਯਮ ਅਨੁਸਾਰ ਸਾਰੀਆਂ ਅਦਾਇਗੀਆਂ ਕਰਨ ਦਾ ਪਾਬੰਦ ਹੋਵੇਗਾ ।

**ਕਾਲਜ ਤੋਂ ਛੁੱਟੀ :** ਜਰੂਰੀ ਕੰਮ ਅਤੇ ਬਿਮਾਰੀ ਲਈ ਛੁੱਟੀ ਆਪਣੇ ਟਿਊਟਰ ਪਾਸੋਂ ਮਨਜ਼ੂਰ ਕਰਵਾਈ ਜਾਵੇ। ਇਸ ਬਿਨੈ ਪੱਤਰ ਉਪਰ ਮਾਪਿਆਂ ਦੀ ਸਹੀ ਜਰੂਰੀ ਹੈ । ਆਮ ਕਰਕੇ ਬਿਮਾਰੀ ਦੀ ਹਾਲਤ ਵਿੱਚ ਪੰਜ ਦਿਨ ਤੱਕ ਦੀ ਛੁੱਟੀ ਟਿਊਟਰ ਪਾਸੋਂ ਮਨਜ਼ੂਰ ਕਰਵਾਈ ਜਾ ਸਕਦੀ ਹੈ । ਬਿਮਾਰੀ ਕਾਰਨ ਪੰਜ ਦਿਨਾਂ ਤੋਂ ਵੱਧ ਗੈਰ ਹਾਜਰ ਰਹਿਣ ਵਾਲੇ ਵਿਦਿਆਰਥੀਆਂ ਦੀ ਛੁੱਟੀ ਸੀਨੀਅਰ ਟਿਊਟਰ, ਗਰੁਪ ਟਿਊਟਰ ਦੀ ਸਿਫ਼ਾਰਸ਼ ਤੇ ਮਨਜ਼ੂਰ ਕਰੇਗਾ। ਮੈਡੀਕਲ ਆਧਾਰ ਤੇ ਲਈ ਗਈ ਛੁੱਟੀ ਕਾਰਨ ਵਿਸ਼ੇ ਨਾਲ ਸੰਬੰਧਿਤ ਹਾਜਰੀ ਵਿੱਚ ਕੋਈ ਲਾਭ ਨਹੀ ਮਿਲੇਗਾ ।

**ਕਾਲਜ ਤੋਂ ਲੰਬੇ ਸਮੇਂ ਲਈ ਗੈਰਹਾਜਰੀ :-** ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜੂਰ ਕਰਵਾਉਣ ਤੋਂ ਬਿਨ੍ਹਾਂ ਲਗਾਤਾਰ 10 ਦਿਨ ਲਈ ਗੈਰਹਾਜਰ ਰਹਿੰਦਾ ਹੈ ਤਾਂ ਕਾਲਜ ਵਿੱਚੋਂ ਉਸਦਾ ਨਾਂ ਕੱਟ ਦਿੱਤਾ ਜਾਵੇਗਾ । ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਯੂਨੀਵਰਸਿਟੀ ਨਿਯਮਾਂ ਅਧੀਨ ਦੁਬਾਰਾ ਦਾਖਲੇ ਦੀ ਫੀਸ ਦੇ ਕੇ ਦਾਖਲ ਹੋ ਸਕਦੇ ਹਨ ।

**ਹਾਜ਼ਰੀਆਂ :-** ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਯੋਗ ਹੋਣ ਲਈ ਵਿਦਿਆਰਥੀ ਨੂੰ ਹਰ ਇਕ ਵਿਸ਼ੇ ਅਤੇ ਪ੍ਰੈਕਟੀਕਲਾਂ ਵਿੱਚ ਯੂਨੀਵਰਸਿਟੀ ਰਾਹੀਂ ਨਿਰਧਾਰਤ ਕੁੱਲ ਲੈਕਚਰਾਂ ਦੀਆਂ ਘੱਟੋ ਘੱਟ 75% ਹਾਜ਼ਰੀਆਂ ਲੈਣੀਆਂ ਜਰੂਰੀ ਹਨ । ਹਾਜ਼ਰੀਆਂ ਸੰਬੰਧੀ ਵਿਦਿਆਰਥੀ ਹਰ ਮਹੀਨੇ ਸਬੰਧਤ ਲੈਕਚਰਾਰ ਤੋਂ ਜਾਣਕਾਰੀ ਲੈ ਸਕਦੇ ਹਨ ।

**ਨੋਟ :** ਯੂਨੀਵਰਸਿਟੀ ਨਿਯਮਾਂ ਅਨੁਸਾਰ ਹਰ ਸਮੈਸਟਰ ਦੀ ਯੂਨੀਵਰਸਿਟੀ ਨੂੰ ਭੇਜੀ ਜਾਣਕਾਰੀ, ਅਸੈਸਮੈਂਟ ਲਈ **M.S.T.**, ਅਸਾਇਨਮੈਂਟ ਦੇਣਾ ਅਤੇ ਹਾਜ਼ਰੀ ਨਿਯਮਾਂ ਦੀ ਪਾਲਣਾ ਕਰਨਾ ਅਤਿ ਜ਼ਰੂਰੀ ਹੈ।

**ਨੋਟ : ਐਨ.ਐਸ.ਐਸ. :-** ਕਾਲਜ ਵਿਚ ਐਨ.ਐਸ.ਐਸ. ਦੇ 02 ਯੂਨਿਟ ਚਾਲੂ ਹਨ।